# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 01-06-2024**

- ਪੰਜਾਬ ਦੇ ਸਾਰੇ ਹੀ 13 ਲੋਕਸਭਾ ਹਲਕਿਆਂ ਵਿਚ, 169 ਆਜ਼ਾਦ ਉਮੀਦਵਾਰਾਂ ਸਮੇਤ ਕੁਲ 328 ਉਮੀਦਵਾਰਾਂ ਦੀ ਕਿਸਮਤ, ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਵਿਚ ਬੰਦ।
- ਸੂਬੇ ਵਿਚ ਪੰਜ ਵਜੇ ਤਕ 55 ਫੀਸਦੀ ਵੋਟਿੰਗ ਦੀ ਖ਼ਬਰ, ਅੰਤਿਮ ਆਂਕੜੇ ਆਉਣੇ ਤਕ ਇਸ ਦੇ ਵਧਣ ਦੀ ਉਮੀਦ।
- ਸਵੇਰੇ ਤੇਜ ਰਫਤਾਰ ਨਾਲ ਸ਼ੁਰੂ ਹੋਈ ਵੋਟਿੰਗ ਬਾਅਦ ਵਿਚ ਮੱਠੀ ਹੋਈ, ਜਬਰਦਸਤ ਗਰਮੀ ਤੇ ਲੂ ਦੇ ਬਾਵਜੂਦ, ਖ਼ਾਸਤੌਰ 'ਤੇ ਪੇਂਡੂ ਇਲਾਕਿਆਂ ਦੇ ਵੋਟਰਾਂ ਨੇ ਉਤਸ਼ਾਹ ਵਿਖਾਇਆ।
- ਈ.ਵੀ.ਐਮ ਦੀ ਵੀਡੀਓ ਸੋਸ਼ਲ ਮੀਡਿਆ ਤੇ ਵਾਇਰਲ ਕਰਨ ਦੇ ਦੋਸ਼ ਹੇਠ, ਫਿਰੋਜ਼ਪੁਰ ਤੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਤੇ FIR ਦਰਜ਼।

- ਪੋਲਿੰਗ ਤੋਂ ਬਾਅਦ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ, ਸਟਰਾਂਗ ਰੂਮਾਂ ਤਕ ਪਹੁੰਚਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਏ।

--------------------------------------------------

ਪੰਜਾਬ ਦੇ ਸਾਰੇ ਹੀ 13 ਲੋਕਸਭਾ ਹਲਕਿਆਂ ਵਿਚ ਚੋਣਾਂ ਲਈ ਵੋਟਿੰਗ ਦਾ ਸਿਲਸਿਲਾ ਹੁਣ ਤੋਂ ਥੋੜੀ ਦੇਰ ਪਹਿਲਾਂ ਕੁਲ ਮਿਲਾ ਕੇ ਅਮਨ ਅਮਨ ਨਾਲ ਮੁਕੰਮਲ ਹੋ ਗਿਆ ਏ। ਚੋਣ ਮੈਦਾਨ ਵਿਚ ਨਿਤਰੇ 169 ਆਜ਼ਾਦ ਉਮੀਦਵਾਰਾਂ ਸਮੇਤ ਕੁਲ 328 ਉਮੀਦਵਾਰਾਂ ਦੀ ਕਿਸਮਤ ਨੂੰ ਸੂਬੇ ਦੇ ਵੋਟਰਾਂ ਨੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਵਿਚ ਬੰਦ ਕਰ ਦਿੱਤਾ ਏ। ਸ਼ਾਮ ਪੰਜ ਵਜੇ ਦੇ ਅੰਕੜਿਆਂ ਮੁਤਾਬਕ 55.20 ਫੀਸਦੀ ਵੋਟਿੰਗ ਹੋਈ ਏ। ਆਖਰੀ ਅੰਕੜੇ ਆਉਣ ਮਗਰੋਂ ਇਹ ਹੋਰ ਵੱਧ ਜਾਵੇਗੀ। ਵੋਟਾਂ ਦੀ ਗਿਣਤੀ ਦੇਸ਼ ਦੇ ਨਾਲ ਹੀ 4 ਜੂਨ ਨੂੰ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸੂਬੇ ਵਿਚ ਵੋਟਿੰਗ ਸਵੇਰੇ ਠੀਕ ਸੱਤ ਵਜੇ ਤੇਜ਼ ਰਫਤਾਰ ਨਾਲ ਸ਼ੁਰੂ ਹੋਈ। ਕਈ ਲੋਕਸਭਾ ਹਲਕਿਆਂ ਵਿਚ ਬਜ਼ੁਰਗ, ਦਿਵਿਆਂਗ, ਨੌਜਵਾਨ ਅਤੇ ਮਹਿਲਾ ਵੋਟਰਾਂ ਨੇ ਉਤਸ਼ਾਹ ਨਾਲ ਆਪਣੇ ਵੋਟ ਦੇ ਅਧਿਕਾਰ ਦੀ

ਵਰਤੋਂ ਕੀਤੀ। ਤੜਕਸਾਰ ਤੋਂ ਹੀ ਇਹ ਵੋਟਰ ਮਤਦਾਨ ਕੇਂਦਰਾਂ ਦੇ ਬਾਹਰ ਕਤਾਰਾਂ ਵਿਚ ਖੜੇ ਨਜ਼ਰ ਆਏ।

--------------------------------------------------------

ਵੱਖ ਵੱਖ ਚੋਣ ਕੇਂਦਰਾਂ ਤੇ ਵੋਟਰਾਂ ਦੀ ਸਹੂਲਤ ਲਈ NCC ਦੇ ਕੈਡੇਟ ਸਮੇਤ ਹੋਰਨਾਂ ਦੀਆਂ ਸੇਵਾਵਾਂ ਲਈਆਂ ਗਈਆਂ। ਜਲੰਧਰ ਦੇ ਨਹਿਰੂ ਗਾਰਡਨ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ NCC ਕੈਡੇਟ ਨੇ ਇਸ ਬਾਰੇ ਕਿਹਾ।

--------------------------------------------------------

ਹਾਲਾਂਕਿ ਕਈ ਥਾਂਵਾਂ ਖ਼ਾਸਤੌਰ ਤੇ ਸ਼ਹਿਰੀ ਖੇਤਰਾਂ ਦੇ ਪੋਲਿੰਗ ਕੇਂਦਰਾਂ ਤੇ ਵੋਟਰਾਂ ਦੀ ਗਿਣਤੀ ਕੁਝ ਘੱਟ ਹੀ ਰਹੀ। ਜਬਰਦਸਤ ਗਰਮੀ ਦੇ ਇਸ ਮੌਸਮ ਵਿਚ ਵੋਟਰਾਂ ਦੀ ਸਹੂਲਤ ਲਈ ਚੋਣ ਕਮਿਸ਼ਨ ਨੇ ਮਤਦਾਨ ਕੇਂਦਰਾਂ ਤੇ ਵਿਸ਼ੇਸ਼ ਪ੍ਰਬੰਧ ਕੀਤੇ ਸਨ। ਕੁਝ ਚੋਣਵੇਂ ਮਤਦਾਨ ਕੇਂਦਰ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਤੇ ਵੋਟਰਾਂ ਦਾ ਰੇਡ ਕਾਰਪੇਟ ਸਵਾਗਤ ਕੀਤਾ ਗਿਆ। ਹੁਸ਼ਿਆਰਪੁਰ ਦੇ ਸ਼ਾਮ ਚੌਰਾਸੀ ਤੇ ਚੱਬੇਵਾਲ ਵਿਚ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਵਿਚ ਖ਼ਰਾਬੀ ਦੀ ਸ਼ਿਕਾਇਤ

ਮਿਲਣ ਮਗਰੋਂ ਇਨਾਂ ਨੂੰ ਤੁਰੰਤ ਬੱਦਲ ਦਿੱਤਾ ਗਿਆ। ਲੁਧਿਆਣਾ ਵਿਚ ਜਮਾਲਪੁਰ ਦੀ ਸਰਪੰਚ ਕਾਲੋਨੀ ਦੇ ਬੂਥ ਨੰਬਰ 111 ਤੇ 112 ਤੇ ਵੋਟਿੰਗ ਮਸ਼ੀਨਾਂ ਦੀ ਖ਼ਰਾਬੀ ਕਾਰਣ ਵੋਟਿੰਗ ਪ੍ਰਭਾਵਤ ਹੋਈ। ਮਾਨਸਾ ਦੇ ਪਿੰਡ ਅਹਿਮਦਪੁਰ ਵਿਖੇ ਲੋਕਾਂ ਨੇ ਕੁਝ ਮੁਦਿਆਂ ਨੂੰ ਲੈਕੇ, ਰੋਸ਼ ਪ੍ਰਗਟਾਇਆ ਜਿਸ ਤੇ ਪ੍ਰਸ਼ਾਸਨ ਨੇ ਗੱਲਬਾਤ ਕਰਕੇ ਪੋਲਿੰਗ ਸ਼ੁਰੂ ਕਰਵਾਈ। ਪੋਲਿੰਗ ਸਟੇਸ਼ਨਾਂ ਤੇ ਸੁਰੱਖਿਆ ਦੇ ਵੀ ਸਖਤ ਪ੍ਰਬੰਧ ਕੀਤੇ ਗਏ ਸਨ ਅਤੇ ਨਾਜ਼ੁਕ ਤੇ ਅਤਿ ਨਾਜ਼ੁਕ ਪੋਲਿੰਗ ਸਟੇਸ਼ਨਾਂ ਤੇ ਵਾਧੂ ਗਿਣਤੀ ਵਿਚ ਪੁਲਿਸ ਤੋਂ ਅਲਾਵਾ ਕੇਂਦਰੀ ਸੁਰੱਖਿਆ ਬਲਾਂ ਦੇ ਜਵਾਨਾਂ ਦੀ ਤਾਇਨਾਤੀ ਕੀਤੀ ਗਈ। ਸਬ ਤੋਂ ਵੱਧ 59 ਫੀਸਦੀ ਵੋਟਿੰਗ ਬਠਿੰਡਾ, ਗੁਰਦਾਸਪੁਰ ਤੇ ਪਟਿਆਲਾ ਵਿਚ 58 -58 , ਸੰਗਰੂਰ ਤੇ ਫਿਰੋਜ਼ਪੁਰ ਵਿਚ 57 - 57 , ਖਡੂਰ ਸਾਹਿਬ ਤੇ ਅਨੰਦਪੁਰ ਸਾਹਿਬ ਵਿਚ ਵਿਚ 55 - 55, ਫਤੇਹਗੜ੍ਹ ਸਾਹਿਬ ਤੇ ਫਰੀਦਕੋਟ ਵਿਚ 54 - 54 , ਜਲੰਧਰ ਵਿਚ 53 , ਹੁਸ਼ਿਆਰਪੁਰ ਤੇ ਲੁਧਿਆਣਾ ਵਿਚ 52 - 52 ਅਤੇ ਸਬ ਤੋਂ ਘੱਟ ਅੰਮ੍ਰਿਤਸਰ ਵਿਚ 48 ਫੀਸਦੀ ਵੋਟਿੰਗ ਦਰਜ਼

ਕੀਤੀ ਗਈ ਏ। ਸਾਲ 2019 ਦੀਆਂ ਲੋਕਸਭਾ ਚੋਣਾਂ ਵਿਚ 65 ਫੀਸਦੀ ਤੋਂ ਕੁਝ ਵੱਧ ਵੋਟਿੰਗ ਦਰਜ਼ ਕੀਤੀ ਗਈ ਸੀ।

---------------------------------------------------

ਵੋਟ ਦੇ ਹੱਕ ਦੀ ਪਹਿਲੀ ਵਾਰ ਵਰਤੋਂ ਕਰਨ ਵਾਲੇ ਨੌਜਵਾਨ ਬੇਹੱਦ ਹੀ ਖੁਸ਼ ਨਜ਼ਰ ਆਏ।

---------------------------------------------------

ਜਿਨ੍ਹਾਂ ਪ੍ਰਮੁੱਖ ਉਮੀਦਵਾਰਾਂ ਦੀ ਕਿਸਮਤ ਇਲਕਟ੍ਰੋਨਿਕ ਮਸ਼ੀਨਾਂ ਵਿਚ ਬੰਦ ਹੋ ਗਈ ਏ, ਉਨਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਪਟਿਆਲਾ ਤੋਂ ਪਰਨੀਤ ਕੌਰ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਅੰਮ੍ਰਿਤਸਰ ਤੋਂ ਤਰਨਜੀਤ ਸਿੰਘ ਸੰਧੂ, ਫਰੀਦਕੋਟ ਤੋਂ ਹੰਸਰਾਜ ਹੰਸ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼ ਸ਼ਾਮਲ ਨੇ। ਏਧਰ ਕਾਂਗਰਸ ਪਾਰਟੀ ਦੇ ਮੁਖ ਉਮੀਦਵਾਰਾਂ ਵਿਚ ਲੁਧਿਆਣਾ ਤੋਂ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਲੰਧਰ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਗੁਰਦਾਸਪੁਰ ਤੋਂ ਸਾਬਕਾ ਉਪ ਮੁੱਖ ਮੰਤਰੀ ਸੰਤੋਖ ਸਿੰਘ ਰੰਧਾਵਾ, ਅੰਮ੍ਰਿਤਸਰ ਤੋਂ

ਗੁਰਜੀਤ ਸਿੰਘ ਔਜਲਾ, ਫਤਹਿਗੜ੍ਹ ਸਾਹਿਬ ਤੋਂ ਅਮਰ ਸਿੰਘ ਅਤੇ ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਸ਼ਾਮਲ ਨੇ। ਆਮ ਆਦਮੀ ਪਾਰਟੀ ਦੇ ਮੁਖ ਉਮੀਦਵਾਰਾਂ ਵਿਚ ਪਟਿਆਲਾ ਤੋਂ ਕੈਬਿਨੇਟ ਮੰਤਰੀ ਡਾਕਟਰ ਬਲਬੀਰ ਸਿੰਘ, ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ, ਖਡੂਰ ਸਾਹਿਬ ਤੋਂ ਲਾਲਜੀਤ ਸਿੰਘ ਭੁੱਲਰ, ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ ਅਤੇ ਬਠਿੰਡਾ ਤੋਂ ਗੁਰਮੀਤ ਸਿੰਘ ਖੁਡੀਆਂ  ਸ਼ਾਮਲ ਨੇ। ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਰ ਸਿਮਰਤ ਕੌਰ ਬਾਦਲ, ਜਲੰਧਰ ਤੋਂ ਮੋਹਿੰਦਰ ਸਿੰਘ ਕੇ. ਪੀ., ਅੰਮ੍ਰਿਤਸਰ ਤੋਂ ਅਨਿਲ ਜੋਸ਼ੀ ਅਤੇ ਗੁਰਦਾਸਪੁਰ ਤੋਂ ਦਲਜੀਤ ਸਿੰਘ ਚੀਮਾ ਸ਼ਾਮਲ ਨੇ। ਸ਼੍ਰੀ ਅਨੰਦਪੁਰ ਸਾਹਿਬ ਲੋਕਸਭਾ ਹਲਕੇ ਤੋਂ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਸੰਗਰੂਰ ਲੋਕਸਭਾ ਹਲਕੇ ਤੋਂ ਸ਼ਿਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਪ੍ਰਮੁੱਖ ਉਮੀਦਵਾਰਾਂ ਵਿਚ ਸ਼ਾਮਲ ਨੇ।

---

ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਬਹੁਜਨ ਸਮਾਜ ਪਾਰਟੀ ਦੀ ਟਿਕਟ

‘ਤੇ ਚੋਣ ਲੜ ਰਹੇ ਉਮੀਦਵਾਰ ਸੁਰਿੰਦਰ ਸਿੰਘ ਕੰਬੋਜ ਵੱਲੋਂ, ਵਿਧਾਨ ਸਭਾ ਹਲਕਾ ਗੁਰੂ-ਹਰਸਹਾਏ ਅਧੀਨ ਆਉਂਦੇ ਪਿੰਡ ਜੀਵਾਂ ਅਰਾਈ ਵਿਖੇ ਵੋਟ ਪਾਉਣ ਸਮੇਂ, ਈਵੀਐਮ ਮਸ਼ੀਨ ਦੀ ਵੀਡੀਓ ਬਣਾਉਣ ਅਤੇ ਉਸ ਨੂੰ ਜਨਤਕ ਕਰਨ ਦੇ ਦੋਸ਼ ਹੇਠ ਥਾਣਾ ਗੁਰੂ-ਹਰਸਹਾਏ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਏ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਫਿਰੋਜ਼ਪੁਰ ਦੇ ਰਿਟਰਨਿੰਗ ਅਫਸਰ ਰਾਜੇਸ਼ ਧੀਮਾਨ ਨੇ ਸੋਸ਼ਲ ਮੀਡੀਆ ‘ਤੇ ਇਸ ਮਾਮਲੇ ਦੇ ਨਸ਼ਰ ਹੋਣ ਤੋਂ ਬਾਅਦ ਤੁਰੰਤ ਐਕਸ਼ਨ ਲੈ ਕੇ, ਸੁਰਿੰਦਰ ਸਿੰਘ ਕੰਬੋਜ ਅਤੇ ਇਕ ਹੋਰ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਵਾਇਆ।

---------------------------------------------------

ਕਪੂਰਥਲਾ ਦੇ ਬੂਥ ਨੰਬਰ 72 'ਤੇ ਇਕ ਜ਼ਿੰਦਾ ਵਿਅਕਤੀ ਅਰੁਣ ਜਲੋਟਾ ਨੂੰ ਮ੍ਰਿਤਕ ਕਰਾਰ ਦੇ ਕੇ ਉਸ ਦੀ ਵੋਟ ਕਟ ਦਿੱਤੀ ਗਈ, ਜਿਸ ਦੇ ਵਿਰੋਧ 'ਚ ਅਰੁਣ ਜਲੋਟਾ ਨੇ ਰਾਸ਼ਟਰਪਤੀ ਅਤੇ ਹੋਰ ਅਧਿਕਾਰੀਆਂ ਨੂੰ ਆਪਣੀ ਵੋਟ ਦਾ ਅਧਿਕਾਰ ਦਿਵਾਉਣ ਦੀ ਅਪੀਲ ਕੀਤੀ ਏ।

---------------------------------------------------

ਮਾਨਸਾ ਵਿਖੇ ਹਰ ਵੋਟਰ ਨੂੰ ਵੋਟ ਪਾਉਣ ਤੋਂ ਬਾਅਦ, ਵਣ ਰੇਂਜ ਬੁਢਲਾਡਾ ਵਣ ਮੰਡਲ ਮਾਨਸਾ ਦੇ ਗ੍ਰੀਨ ਪੋਲਿੰਗ ਬੂਥਾਂ ਉਪਰ ਬੂਟੇ ਵੀ ਵੰਡੇ ਗਏ। ਜੰਗਲਾਤ ਅਫਸਰ ਹਰਦਿਆਲ ਸਿੰਘ ਦੰਦੀਵਾਲ ਨੇ ਕਿਹਾ।

-------------------------------------------------

ਅੰਮ੍ਰਿਤਸਰ ਲੋਕ ਸਭਾ ਅਧੀਨ ਆਉਂਦੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਬੂਥ ਨੰਬਰ 100 ਵਿੱਚ ਵੋਟਿੰਗ ਮਸ਼ੀਨ ਖਰਾਬ ਹੋ ਗਈ। ਇਸ ਨਾਲ ਲੋਕ ਗੁੱਸੇ 'ਚ ਆ ਗਏ ਅਤੇ ਉਨ੍ਹਾਂ ਹੰਗਾਮਾ ਕੀਤਾ। ਪੁਲਿਸ ਤੇ CRPF ਦੇ ਜਵਾਨਾਂ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਕੀਤਾ। ਇਸ ਕਾਰਨ ਇੱਥੇ ਕਰੀਬ 10 ਮਿੰਟ ਤੱਕ ਵੋਟਿੰਗ ਵਿੱਚ ਵਿਘਨ ਪਿਆ। ਫਰੀਦਕੋਟ ਦੇ ਪੋਲਿੰਗ ਸਟੇਸ਼ਨ 'ਤੇ ਵੋਟ ਪਾਉਣ ਆਏ ਕੁਝ ਲੋਕਾਂ ਦੀ ਇੱਕ ਮਹਿਲਾ ਬੀ ਐੱਲ ਓ ਨਾਲ ਬਹਿਸ ਹੋ ਗਈ। ਜਿਸ ਤੋਂ ਬਾਅਦ ਔਰਤ ਬੇਹੋਸ਼ ਹੋ ਕੇ ਡਿੱਗ ਪਈ। ਉਸਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਹੁਣ ਉਸਦੀ ਹਾਲਤ ਸਥਿਰ ਦੱਸੀ ਜਾਂਦੀ ਏ। ਜਲੰਧਰ ਦੇ ਆਦਮਪੁਰ ਨੇੜਲੇ ਪਿੰਡ ਮਸੂਰਪੁਰ ਵਡਾਲਾ ਵਿੱਚ ਇੱਕ ਵੋਟਰ ਦੀ ਵੋਟ ਦੀ ਪਰਚੀ ਨੂੰ ਲੈ ਕੇ, ਆਮ ਆਦਮੀ ਪਾਰਟੀ ਅਤੇ ਕਾਂਗਰਸੀ ਵਰਕਰਾਂ ਵਿੱਚ ਖੂਨੀ ਝੜਪ

ਹੋ ਗਈ। ਆਮ ਆਦਮੀ ਪਾਰਟੀ ਵਰਕਰਾਂ ਨੇ ਕਾਂਗਰਸ ਪਾਰਟੀ ਦੇ ਪੋਲਿੰਗ ਏਜੰਟ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ, ਜਿਸ ਨਾਲ ਬਲਦੇਵ ਸਿੰਘ ਨਾਮਕ ਇਕ ਵਰਕਰ ਜਖਮੀ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਕੁਝ ਸਮੇਂ ਲਈ ਵੋਟਿੰਗ ਪ੍ਰਕਿਰਿਆ ਨੂੰ ਰੋਕ ਕੇ ਸਥਿਤੀ 'ਤੇ ਕਾਬੂ ਪਾਇਆ। ਇਸ ਦੌਰਾਨ ਕਤਾਰ ਵਿੱਚ ਖੜ੍ਹੇ ਕਈ ਲੋਕ, ਬਿਨਾਂ ਵੋਟ ਪਾਏ ਹੀ ਘਰਾਂ ਨੂੰ ਚਲੇ ਗਏ। ਜਲੰਧਰ ਸ਼ਹਿਰ ਵਿਚ ਪੱਛਮੀ ਹਲਕੇ ਦੇ ਹੀ, ਬਸਤੀ ਗੁਜ਼ਾਂ ਵਿਖੇ ਇਕ ਪੋਲਿੰਗ ਬੂਥ ਤੇ ਕਾਂਗਰਸ ਤੇ BJP ਵਰਕਰਾਂ ਵਿਚਾਲੇ ਝੜਪ ਹੋ ਗਈ, ਜਿਸ ਨੂੰ ਪੁਲਿਸ ਨੇ ਸ਼ਾਂਤ ਕਰਵਾਇਆ। ਲੁਧਿਆਣਾ 'ਚ ਈਸਾ ਨਗਰੀ ਚਰਚ ਨੇੜੇ, ਬੂਥ 'ਤੇ ਆਮ ਆਦਮੀ ਪਾਰਟੀ ਅਤੇ ਕਾਂਗਰਸੀ ਵਰਕਰਾਂ ਵਿਚਾਲੇ ਹੰਗਾਮਾ ਹੋ ਗਿਆ। ਇਸ ਤੋਂ ਬਾਅਦ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਦੇ ਘਰ ਪਹੁੰਚ ਕੇ ਆਮ ਆਦਮੀ ਪਾਰਟੀ' ਉਮੀਦਵਾਰ ਦੇ ਪੁੱਤਰ ਨਾਲ ਮੁਲਾਕਾਤ ਕੀਤੀ ਅਤੇ ਆਪਣੇ ਵਰਕਰਾਂ ਨੂੰ ਸਮਝਾਉਣ ਦੀ ਅਪੀਲ ਕੀਤੀ। ਇਸ ਦੌਰਾਨ BJP

ਉਮੀਦਵਾਰ ਰਵਨੀਤ ਬਿੱਟੂ ਵੀ ਉਥੇ ਪਹੁੰਚ ਗਏ ਅਤੇ ਇਸ ਮੁਲਾਕਾਤ ’ਤੇ ਤੰਜ ਕਸਿਆ । ਅੰਮ੍ਰਿਤਸਰ ਦੇ ਲੱਖੋਵਾਲ ਵਿੱਚ ਬੀਤੀ ਰਾਤ ਗੋਲੀਬਾਰੀ ਵਿੱਚ ਇੱਕ ਨੌਜਵਾਨ ਦੀ ਮੌਤ ਤੋਂ ਬਾਅਦ ਅੱਜ ਲੋਕਾਂ ਨੇ ਚੋਣਾਂ ਦਾ ਬਾਈਕਾਟ ਕੀਤਾ। ਬਠਿੰਡਾ ਵਿੱਚ ਕਿਸਾਨਾਂ ਤੇ BJP ਵਰਕਰਾਂ ਵਿੱਚ ਹੋਈ ਨੋਕਝੋਕ ਤੋਂ ਬਾਅਦ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਅਤੇ ਵੋਟਿੰਗ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਇਆ ਗਿਆ ।

---------------------------------------------------------

ਵੋਟਿੰਗ ਤੋਂ ਬਾਅਦ ਹੁਣ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਨੂੰ ਸਟਰਾਂਗ ਰੂਮਾਂ ਤਕ ਪਹੁੰਚਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਵੇਗਾ । ਇਨਾਂ ਮਸ਼ੀਨਾਂ ਦੀ ਸੁਰੱਖਿਆ ਲਈ, ਸੂਬੇ ਦੇ ਸਾਰੇ ਸਟਰਾਂਗ ਰੂਮਾਂ ਦੇ ਬਾਹਰ ਅਰਧ ਸੈਨਿਕ ਬਲ ਅਤੇ ਹੋਰ ਸੁਰੱਖਿਆ ਟੀਮਾਂ 24 ਘੰਟੇ ਤਾਇਨਾਤ ਰਹਿਣਗੀਆਂ ਅਤੇ ਇਸ ਦੇ ਨਾਲ ਹੀ ਡਬਲ ਲਾਕ ਸਿਸਟਮ ਦਾ ਪ੍ਰਬੰਧ ਕੀਤਾ ਗਿਆ ਏ । ਇਸ ਤੋਂ ਇਲਾਵਾ ਸਟਰਾਂਗ ਰੂਮ ਦੇ ਆਲੇ-ਦੁਆਲੇ ਦੀ ਫੁਟੇਜ ਲਈ, ਹਰੇਕ ਸਟਰਾਂਗ ਰੂਮ ਦੇ ਬਾਹਰ ਐਲ.ਈ.ਡੀ. ਸਕਰੀਨਾਂ ਲਗਾਈਆਂ ਗਈਆਂ ਨੇ । ਸਾਰੇ ਪ੍ਰੋਟੋਕੋਲਾਂ ਦੀ ਢੁੱਕਵੇਂ ਢੰਗ ਨਾਲ ਪਾਲਣਾ

ਯਕੀਨੀ ਬਣਾਉਣ ਵਾਸਤੇ ਅਧਿਕਾਰੀਆਂ ਵੱਲੋਂ ਸਟਰਾਂਗ ਰੂਮਾਂ ਦਾ ਰੋਜ਼ਾਨਾ ਆਧਾਰ ‘ਤੇ ਨਿਰੀਖਣ ਕੀਤਾ ਜਾਵੇਗਾ।